# ਮਦਦ ਕਰਨ ਲਈ ਮੌਜੂਦ

**ਆਫਿਸ ਔਫ਼ ਦਿ ਇਮੀਗ੍ਰੇਸ਼ਨ ਡਿਟੈਂਸ਼ਨ ਓਮਬਡਸਮੈਨ (OIDO) ਇੱਕ ਸੁਤੰਤਰ ਅਤੇ ਨਿਰਪੱਖ ਦਫ਼ਤਰ ਹੈ–ICE ਅਤੇ CBP ਤੋਂ ਵੱਖ–ਜੋ ਕਿ ਅਮਰੀਕੀ ਇਮੀਗ੍ਰੇਸ਼ਨ ਹਿਰਾਸਤ ਅਤੇ ਨਜ਼ਰਬੰਦੀ ਵਿੱਚ ਰੱਖੇ ਗਏ ਸਾਰੇ ਵਿਅਕਤੀਆਂ ਲਈ ਸੁਹਿਰਦਤਾ ਪੂਰਨ ਵਿਵਹਾਰ ਅਤੇ ਸੁਰੱਖਿਅਤ ਰਹਿਣ ਦੀਆਂ ਸਥਿਤੀਆਂ ਲਈ ਵਚਨਬੱਧ ਹੈ।**

ਜੇਕਰ ਤੁਸੀਂ ਇਮੀਗ੍ਰੇਸ਼ਨ ਨਜ਼ਰਬੰਦੀ ਦੌਰਾਨ ਮਾੜੇ ਵਿਵਹਾਰ ਜਾਂ ਹਾਲਾਤ ਦਾ ਅਨੁਭਵ ਕੀਤਾ ਹੈ, ਤਾਂ OIDO ਜਾਣਨਾ ਚਾਹੇਗਾ। OIDO ਡਿਪਾਰਟਮੈਂਟ ਔਫ਼ ਹੋਮਲੈਂਡ ਸਕਿਉਰਿਟੀ ਦਾ ਇੱਕ ਨਿਰਪੱਖ ਅਤੇ ਸੁਤੰਤਰ ਦਫ਼ਤਰ ਹੈ—ਯੂ.ਐਸ. ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ICE), ਯੂ.ਐੱਸ. ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ (CBP), ਅਤੇ ਨਜ਼ਰਬੰਦੀ ਕੇਂਦਰ ਤੋਂ ਵੱਖ—ਜੋ ਇਮੀਗ੍ਰੇਸ਼ਨ ਨਜ਼ਰਬੰਦੀ ਸਹੂਲਤਾਂ ਵਿੱਚ ਹਾਲਾਤਾਂ ਅਤੇ ਵਿਵਹਾਰ ਦੀ ਨਿਗਰਾਨੀ ਕਰਦਾ ਹੈ। OIDO ਸਿਖਲਾਈ ਪ੍ਰਾਪਤ ਕੇਸ ਮੈਨੇਜਰਾਂ, ਇੰਸਪੈਕਟਰਾਂ, ਅਤੇ ਆਡੀਟਰਾਂ ਨੂੰ ਨਿਯੁਕਤ ਕਰਦਾ ਹੈ ਜੋ ਸ਼ਿਕਾਇਤਾਂ ਨੂੰ ਹੱਲ ਕਰਨ ਅਤੇ ਸਾਰੇ ਨਜ਼ਰਬੰਦ ਵਿਅਕਤੀਆਂ ਦੀਆਂ ਸਥਿਤੀਆਂ ਨੂੰ ਸੁਧਾਰਨ ਲਈ ਕੰਮ ਕਰਦੇ ਹਨ।

OIDO ਕੋਲ ਦਾਇਰ ਕੀਤੀਆਂ ਸ਼ਿਕਾਇਤਾਂ ਗੁਪਤ ਹੁੰਦੀਆਂ ਹਨ, ਅਤੇ ਕੇਸ ਮੈਨੇਜਰ ਤੁਹਾਡੀ ਰਜ਼ਾਮੰਦੀ ਤੋਂ ਬਿਨਾਂ ਤੁਹਾਡੇ ਕੇਸ ਬਾਰੇ ਕੋਈ ਵੀ ਜਾਣਕਾਰੀ ਪ੍ਰਗਟ ਨਹੀਂ ਕਰਨਗੇ। ਕਿਸੇ OIDO ਕੇਸ ਮੈਨੇਜਰ ਨਾਲ ਗੱਲ ਕਰਨ ਜਾਂ ਸ਼ਿਕਾਇਤ ਦਰਜ ਕਰਨ ਨਾਲ ਤੁਹਾਡੇ ਇਮੀਗ੍ਰੇਸ਼ਨ ਕੇਸ ਜਾਂ ਨਜ਼ਰਬੰਦੀ ਸਥਿਤੀ ‘ਤੇ ਕੋਈ ਅਸਰ ਨਹੀਂ ਪਵੇਗਾ।

ਸ਼ਿਕਾਇਤ ਫਾਰਮ ਜਮ੍ਹਾਂ ਕਰਾਉਣ ਲਈ dhs.gov/OIDO ‘ਤੇ ਜਾਓ। ਹਿਦਾਇਤਾਂ ਲਈ ਇਸ ਕੋਡ ਨੂੰ ਸਕੈਨ ਕਰੋ।

## ਜਿਨ੍ਹਾਂ ਮੁੱਦਿਆਂ ਬਾਰੇ ਤੁਸੀਂ OIDO ਨੂੰ ਰਿਪੋਰਟ ਕਰ ਸਕਦੇ ਹੋ, ਉਨ੍ਹਾਂ ਵਿੱਚ ਸ਼ਾਮਲ ਹਨ:

- **ਸਰੀਰਕ, ਮਾਨਸਿਕ, ਜਾਂ ਭਾਵਨਾਤਮਕ ਦੁਰਵਿਵਹਾਰ**
- **ਨਾਕਾਫ਼ੀ ਭੋਜਨ ਜਾਂ ਡਾਕਟਰੀ ਇਲਾਜ**
- **ਮਾੜੀ ਸਾਂਭ-ਸੰਭਾਲ ਵਾਲੇ ਜਾਂ ਗੰਦੇ ਬਾਥਰੂਮ ਅਤੇ ਆਰਾਮ ਕਰਨ ਵਾਲੇ ਖੇਤਰ**
- **ਸਾਫ-ਸਫਾਈ ਦੀਆਂ ਵਸਤੂਆਂ (ਟਾਇਲਟ ਪੇਪਰ, ਤੌਲੀਏ, ਟੁੱਥਬ੍ਰਸ਼, ਆਦਿ) ਤੱਕ ਪਹੁੰਚ ਦੀ ਘਾਟ**
- **ਰਹਿਣ-ਸਹਿਣ ਦੀਆਂ ਮਾੜੀਆਂ ਜਾਂ ਅਸੁਰੱਖਿਅਤ ਸਥਿਤੀਆਂ**

**ਤੁਸੀਂ OIDO ਨੂੰ ਕਿਸੇ ਹੋਰ ਮਾੜੇ ਦਰਜੇ ਦੀਆਂ ਸਥਿਤੀਆਂ ਜਾਂ ਨੀਤੀਆਂ ਜਾਂ ਮਿਆਰਾਂ ਦੀ ਸ਼ੱਕੀ ਉਲੰਘਣਾ ਬਾਰੇ ਵੀ ਪੁੱਛ ਸਕਦੇ ਹੋ।**

OIDO ਡਿਪਾਰਟਮੈਂਟ ਔਫ਼ ਹੋਮਲੈਂਡ ਸਿਕਿਓਰਿਟੀ (ਹੋਮਲੈਂਡ ਸੁਰੱਖਿਆ ਵਿਭਾਗ) ਦੇ ਅੰਦਰ ਇੱਕ ਸੁਤੰਤਰ ਦਫ਼ਤਰ ਹੈ।

**www.dhs.gov/OIDO**

OIDO
ਆਫਿਸ ਔਫ਼ ਦਿ ਇਮੀਗ੍ਰੇਸ਼ਨ ਡਿਟੈਂਸ਼ਨ ਓਮਬਡਸਮੈਨ (OIDO)